ੴ ਸਤਿਗੁਰ ਪ੍ਰਸਾਦਿ।

ਇਹ ਲੇਖ ਭਾਈ ਸਾਹਿਬ ਜੀ ਦੀ ਰਚਿਤ ਪੁਸਤਕ 'ਗੁਰਮਤਿ ਲੇਖ' ਵਿਚੋਂ ਲਏ ਗਏ ਹਨ।



# BHAI SAHIB BHAI RANDHIR SINGH JI

**(1878-1961)**

Freedom fighter, Reformer, Scholar, Hero of Lahore conspiracy case and First prisoner of Gurudwara reform movement.

Books of bhai sahib are available at:

**Bhai Sahib Randhir Singh Trust**
**23-G Sarabha Nagar, Ludhiana**
**Panjab**

# ੨੩

# ਦੁਧਾਰੇ ਖੰਡੇ ਵਾਲਾ ਖ਼ਾਲਸਈ ਨਵਖੰਡੀ ਝੰਡਾ

ਸਾਹਿਬੇ ਕਮਾਲ ਨਿਰੰਕਾਰ ਗੁਰੂ ਸਾਹਿਬ ਨੇ, ਗੁਰੂ ਅਵਤਾਰੀ ਧੁਰ ਅਰਸ਼ਾਰੀ, ਧੁਰ ਦਰਬਾਰੀ ਗੁਰੂ ਸਾਹਿਬ ਨੇ ਧੁਰ-ਧੁੰਰਧਰੀ ਜੈ-ਬਿਜੈ-ਨਿਸ਼ਾਨੀ ਨਿਰੰਕਾਰੀ ਝੰਡਾ ਝੁਲਾਇਆ। ਖ਼ਾਲਸਾ ਪੰਥ ਦੀ ਅਬਚਲ ਨੀਂਹ ਕਾਇਮ ਦਾਇਮ ਰਖਣ ਲਈ ਨਾਮ ਖੜਗੇਸ਼ੀ ਤੇ ਬੀਰਤਾ ਮੁਕਤੇਸ਼ੀ ਦੋ ਧਾਰਾਂ ਵਾਲੇ ਖੰਡੇ ਦੇ ਨਾਲ ਚਕ੍ਰਵਰਤੀ ਰਾਜ ਦਾ ਠਹਿਰਾਨ ਠਹਿਰਾਇਆ, ਜਿਥੇ ਗੁਰੂ ਬਾਬੇ ਨਾਨਕ ਨੇ ਨਵਾਂ ਖੰਡਾਂ ਵਿਚ ਹਲੇਮੀ ਰਾਜ ਪੱਕਾ ਕਰਨ ਦਾ ਧੁਰਵਾ ਵੀ ਬੰਨ੍ਹਿਆ। ਇਸੇ ਕਰਕੇ ਹੀ ਖ਼ਾਲਸਈ ਅਕਾਲੀ ਝੰਡਾ ਨਵਖੰਡੀ ਫਹਿਰਕੇ ਵਾਲਾ ਝੰਡਾ ਹੈ। ਫਹਿਰਕੇ ਦੇ ਬਸੰਤੀ ਤੇ ਸੁਰਮਈ ਰੰਗ ਦੇ ਝੁਲਾਰੇ ਪ੍ਰਮਾਰਥੀ ਅਤੇ ਸੂਰਮਤਾਈ ਜੈ-ਬਿਜੈ ਦੇ ਸੰਬੋਧਕ ਹਨ। ਇਹ ਖ਼ਾਲਸਈ ਝੰਡਾ ਹੈ ਕਿ ਦੀਨ ਦੁਨੀ ਦੀ ਧੁਜਾ ਹੈ।

ਸ੍ਰੀ ਗੁਰੂ ਸਾਹਿਬ ਜੀ ਦਾ ਹੁਕਮ-ਨਿਸ਼ਾਨੀ ਹੋਣ ਕਰਕੇ ਇਸ ਝੰਡੇ ਦਾ ਨਾਮ 'ਨਿਸ਼ਾਨ ਸਾਹਿਬ' ਹੈ। ਸਾਹਿਬ ਗੁਰੂ ਅਕਲਿ ਦਾ ਜੋ ਨਿਸ਼ਾਨ, ਸੋ ਕਹੀਏ ਨਿਸ਼ਾਨ ਸਾਹਿਬ। ਇਸੇ ਨੇ ਹੀ ਜੁਗੋ ਜੁਗ ਅਟੱਲ ਰਹਿਣਾ ਹੈ ਅਤੇ ਅਟੱਲਤਾ ਸਹਿਤ ਸਾਰੇ ਜਹਾਨ ਤੇ ਝੂਲਣਾ ਹੈ। ਇਹ ਸਾਰੇ ਜਹਾਨ ਦਾ ਸਾਂਝਾ ਜੈ-ਬਿਜਈ ਝੰਡਾ ਨਿਸ਼ਾਨ ਸਾਹਿਬ ਹੈ। ਸ੍ਰੀ ਅਕਾਲ ਤਖ਼ਤ ਤੇ ਸ੍ਰੀ ਸੱਚਖੰਡੀ ਹਰਿਮੰਦਰ ਸਾਹਿਬ ਦੇ ਵਿਚਕਾਰ ਤੇ ਸਨਮੁਖ "ਗਡ ਥੰਮ੍ਹ ਅਹਲੈ" ਹੋਣ ਕਰਕੇ ਇਹ ਖ਼ਾਲਸਾ ਜੀ ਦੀ ਮੀਰੀ ਤੇ ਪੀਰੀ ਦਾ ਤੇ "ਦੀਨ ਦੁਨੀ ਦੀ ਸਾਹਿਬੀ" ਦਾ ਸੱਚਾ ਪਾਤਸ਼ਾਹੀ ਨਿਸ਼ਾਨ ਸਾਹਿਬ ਹੈ। ਇਸ ਖ਼ਾਲਸਈ ਨਿਸ਼ਾਨ ਸਾਹਿਬ ਦੇ ਸਿਰਮੌਰੀ ਖੰਡੇ ਦੀਆਂ ਦੋਈ ਧਾਰਾਂ, ਦੋ ਜਹਾਨਾਂ ਦੇ ਸਰ ਕਰਨ ਲਈ ਚੜ੍ਹਦੀ ਕਲਾ ਦੀਆਂ ਲਖਾਇਕ ਹਨ।

ਇਸ ਨਿਸ਼ਾਨ ਸਾਹਿਬ ਦੇ ਸਾਇਆ ਤਲੇ(ਤਾਅਬੇ ਹੋ ਕੇ) ਘਟ-ਜੋਤਿ-ਜਗਾਰੀ ਤੇ ਜੁਝ-ਜੁਝਾਰੀ ਖ਼ਾਲਸਾ ਜੀ ਨੇ ਵਧਣਾ ਫੁਲਣਾ ਤੇ ਮੌਲਣਾ ਹੈ। ਖ਼ਾਲਸਾ ਜੀ ਦਾ ਜਾਹੋ-ਜਲਾਲ (ਤੇਜ ਪ੍ਰਤਾਪ) ਇਸੇ ਝੰਡੇ ਦੀ ਬਰਕਤ ਤੇ ਕਮਾਲ ਨਾਲ ਹੀ ਲਾਯਜ਼ਾਲ (ਸਦੈਵੀ) ਤੇ ਲਾਜ਼ਵਾਲ (ਅਸਥਿਰ) ਰਹਿਣਾ ਹੈ। ਕਦੇ ਜ਼ਵਾਲ ਆਉਣਾ ਹੀ ਨਹੀ। ਅਜਿਹੇ ਜੁਲ-ਜਲਾਲ ਅਕਾਲੀ ਝੰਡੇ ਦੇ ਤੁੱਲ ਮਾਨਵੀ ਕ੍ਰਿਤ ਦਾ ਹੋਰ ਕੋਈ ਝੰਡਾ ਨਹੀ

ਹੋ ਸਕਦਾ। ਜਿਸ ਤਰ੍ਹਾਂ ਸਤਿਨਾਮ ਦੇ ਮੁਕਾਬਲੇ ਤੇ ਸਭ ਕਿਰਤਮ ਨਾਮ ਤੁੱਛ ਹਨ ਇਸੇ ਤਰ੍ਹਾਂ ਅਕਾਲੀ ਝੰਡੇ ਦੇ ਸਾਹਮਣੇ ਹੋਰ ਸਭ ਝੰਡੇ ਮਾਤ ਹਨ। ਖੰਡਾ ਕੀ ਹੈ, ਨਾਮ ਰੂਪ ਹੈ। "ਨਾਮ ਕੇ ਧਾਰੇ ਖੰਡ ਬ੍ਰਹਮੰਡ"* ਤੇ "ਖੰਡਾ ਪ੍ਰਿਥਮੇ ਸਾਜਿ ਕੈ ਜਿਨਿ ਸਭ ਸੈਸਾਰ ਉਪਾਇਆ"** ਦਾ ਭਾਵ ਇਕ ਹੀ ਹੈ।

ਇਹ ਨਿਸਚੇ ਕਰਕੇ ਜਾਣੋ ਕਿ ਅਕਾਲੀ ਝੰਡਾ ਸਭ ਤੋਂ ਸ਼੍ਰੇਸ਼ਟ ਤੇ ਦੀਨ ਦੁਨੀਆਂ ਦੀ ਧੁਜਾ ਹੈ। ਇਹ ਝੰਡਾ ਅਕਾਲੀ ਹੈ ਤੇ ਅਕਾਲ ਦੇ ਹੁਕਮ ਨਾਲ ਹੀ ਸਾਜਿਆ ਗਿਆ ਹੈ। ਬਾਕੀ ਸਭ ਝੰਡੇ ਮਨੁੱਖੀ ਕ੍ਰਿਤ ਦੇ ਹੋਣ ਕਰਕੇ ਤੁੱਛ ਹਨ।

---

*ਗਉੜੀ ਸੁਖਮਨੀ ਮ:੫, ਅੰਕ ੫ (੧੬) ਪੰਨਾ ੨੬੪

**ਚੰਡੀ ਦੀ ਵਾਰ, ਪਉੜੀ ੨

# ਨੌਂ-ਖੰਡੀ ਝੰਡਾ ਝੂਲੇ !

ਸੱਚੇ ਪਾਤਸ਼ਾਹ ਜੀ ਦਾ ਨੌਂ-ਖੰਡੀ ਝੰਡਾ ਝੁਲੇਗਾ, ਝੂਲ ਕੇ ਰਹੇਗਾ।

ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ॥

ਅਸਲ ਵਿਚ ਭਗਉਤੀ ਅਤੇ ਖੰਡੇ ਵਿਚ ਕੋਈ ਫ਼ਰਕ ਨਹੀਂ ਹੈ। ਪਹਿਲੇ ਭਗਉਤੀ ਦਾ ਅਰਥ "ਪ੍ਰਿਥਮ ਭਗਉਤੀ ਸਿਮਰ ਕੈ" ਖੰਡੇ ਦਾ ਹੀ ਹੈ। ਸੱਚੇ ਪਾਤਸ਼ਾਹ ਨੇ ਭਗਉਤੀ ਰੂਪੀ ਖੰਡਾ ਸਾਜ ਕੇ ਹੀ ਦੈਂਤਾ ਦਾ ਨਾਸ ਕਰਾਇਆ। ਨਹੀ ਤਾਂ ਬਪੁੜੀ ਦੁਰਗਾ ਵਿਚ ਕੁਝ ਸਮ੍ਰਥਾ ਹੈ ਨਹੀ ਸੀ। ਉਨ੍ਹਾਂ ਨੂੰ ਨਾਸ ਕਰਾਵਣਹਾਰ ਸੱਚੇ ਪਾਤਸ਼ਾਹ ਦਾ ਖੰਡਾ ਹੀ ਸੀ।

ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ॥
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ॥
ਸਿੰਧ ਪਰਬਤ ਮੇਦਨੀ ਬਿਨੁ ਥੰਮਾਂ ਗਗਨਿ ਰਹਾਇਆ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥
ਤੈਂ ਹੀ ਦੁਰਗਾ ਸਾਜਿ ਕੈ ਦੈਂਤਾ ਦਾ ਨਾਸ ਕਰਾਇਆ॥
ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਿਸਿਰੁ ਘਾਇਆ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸ ਕੇਸੀਂ ਪਕੜਿ ਗਿਰਾਇਆ॥
ਬਡੇ ਬਡੇ ਮੁਨਿ ਦੇਵਤੇ ਕਈਂ ਜੁਗ ਤਿਨੀ ਤਨੁ ਤਾਇਆ॥
ਕਿਨੀ ਤੇਰਾ ਅੰਤ ਨਾ ਪਾਇਆ॥੨॥

ਚੰਡੀ ਦੀ ਵਾਰ , ਪਾ: ੧੦

ਸੱਚੇ ਪਾਤਸ਼ਾਹ ਦੇ ਖੰਡੇ ਦਾ ਭਾਵ ਅਤਿ ਵਡੇ ਵਡੇ ਦੇਵਤੇ ਨਹੀਂ ਲੈ ਸਕੇ। ਸੋਈ ਖੰਡਾ "ਪ੍ਰਥਮ ਭਗਉਤੀ" ਦੇ ਅਰਥ ਵਿਚ ਹੈ। ਤਾਂਤੇ ਪਹਿਲੀ ਭਗਉਤੀ ਦਾ ਅਰਥ ਸਾਫ ਖੰਡਾ ਹੈ, ਜੋ ਜ਼ਰੂਰ ਖੜਕ ਕੇ ਰਹੇਗਾ। ਉਹ ਜੋ ਭਸੋੜੀਏ "ਪ੍ਰਿਥਮ ਭਗਉਤੀ" ਦਾ ਅਰਥ ਕਰਦੇ ਹਨ, ਉਹ ਬਿਲਕੁਲ ਅਨਰਥ ਹੈ। ਸਤਿਨਾਮ ਵਾਹਿਗੁਰੂ! ਵਾਹਿਗੁਰੂ ਦਾ ਵਿਸ਼ੇਸ਼ਣ ਸਤਿਨਾਮ ਹੈ। ਭਗਉਤੀ ਦਾ ਅਰਥ "ਪ੍ਰਿਥਮ ਭਗਉਤੀ" ਦੇ ਅਰਥਾਂ ਵਿਚ ਤਦੇ ਹੀ ਫਬਦਾ ਹੈ ਕਿ ਸੱਚੇ ਪਾਤਸ਼ਾਹ ਦਸਮੇਸ਼ ਗੁਰੂ ਦੇ ਫਬਾਇਆ ਹੀ ਫਬਦਾ ਹੈ। ਇਸ ਭਗਉਤੀ ਦੇ ਅਰਥ ਖੰਡਾ ਲਏ ਜਾਣ। ਗੁਰੂ ਦਸਮੇਸ਼ ਜੀ ਦਾ ਸਾਜਿਆ

ਖੰਡਾ ਵਾਹਿਗੁਰੁ ਦਾ ਨਾਮ ਹੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਏਸੇ "ਵਾਹਿਗੁਰੂ" ਨਾਮ ਨੂੰ ਧਿਆਇਆ।"ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ"। ਬਾਕੀ ਦਾ ਸ਼ਬਦ-ਅਰਥ ਇਸੇ ਵੀਚਾਰ ਨਾਲ ਵੀਚਾਰੋ, "ਪ੍ਰਿਥਮ ਭਗਉਤੀ ਸਿਮਰ ਕੈ" ਦਾ ਹੀ ਹੈ। ਬਪੁੜੀ ਦੁਰਗਾ ਅਤੇ ਸ੍ਰੀ ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਆਦਿਕ ਦੀ ਕੀ ਪ੍ਰੋਖੋਂ ਸੀ ਕਿ ਆਪੋਂ ਹੀ ਉਹ ਕੁਝ ਕਰ ਸਕਦੇ। ਇਹ ਗੁਰੂ ਦਸਮੇਸ਼ ਜੀ ਦੇ ਵਾਹਿਗੁਰੂ ਨਾਮ ਰੂਪੀ ਖੰਡੇ ਦਾ ਪ੍ਰਤਾਪ ਹੀ ਸੀ ਜਿਸਨੇ ਸਭ ਕਲਾ ਵਰਤਾਈ।

ਤਾਂਤੇ ਭਗਉਤੀ ਦਾ ਅਰਥ ਗੁਰੂ ਦਸਮੇਸ਼ ਜੀ ਦੇ ਦਰਸਾਏ ਅਰਥਾਂ ਵਿਚ ਨਿਰਾ ਨਾਮ ਰੂਪੀ ਖੰਡਾ ਹੀ ਹੈ, ਜੋ ਅਵੱਸ਼ ਝੂਲੇਗਾ ਅਤੇ ਝੂਲ ਕੇ ਰਹੇਗਾ। ਇਹ ਕੇਵਲ ਨਾਮ ਰੂਪੀ ਸੱਚੀ ਭਗਉਤੀ ਮਈ ਖੰਡੇ ਦਾ ਪ੍ਰਤਾਪ ਹੀ ਸੀ, ਜਿਸਨੇ ਦੁਰਗਾ ਆਦਿਕ ਬਪੁੜੀ ਨੂੰ ਸੱਚਾ ਬਲ ਬਖ਼ਸ਼ਿਆ। ਭਗਉਤੀ ਦੇ ਅਰਥਾਂ ਵਿਚ ਦੂਜੀ ਭਗਉਤੀ ਦੇਵੀ ਕੋਈ ਮਾਅਨੇ ਨਹੀਂ ਰਖਦੀ। ਕੀ ਦੁਰਗਾ ਨੇ ਸੱਚੇ ਖੰਡੇ ਦੇ ਨਾਮ ਦਾ ਬਲ ਹੁੰਦਿਆਂ ਹੋਇਆਂ ਦੂਜੀ ਭਗਉਤੀ "ਸ੍ਰੀ ਸਾਹਿਬ" ਹੱਥ ਵਿਚ ਲਈ? ਕਦਾਚਿਤ ਨਹੀਂ। ਬਲਕਿ ਸ੍ਰੀ ਦਸਮੇਸ਼ ਪਾਤਸ਼ਾਹ ਦਾ ਬਲ-ਬੋਤਾ ਬਖ਼ਸ਼ੇ ਹੋਏ ਵਾਹਿਗੁਰੂ ਨਾਮ ਖੰਡੇ ਨੂੰ ਹੀ ਪ੍ਰਿਥਮ ਭਗਉਤੀ ਦਾ ਵਰ ਬਖ਼ਸ਼ਿਆ।

"ਲਈ ਭਗਉਤੀ ਦੁਰਗਸ਼ਾਹ"* ਦਾ ਅਰਥ ਹੀ ਕੋਈ ਨਹੀ ਰਹਿੰਦਾ। ਦਸਮੇਸ਼ ਸਾਹਿਬ ਜੀ ਦੇ ਗੁਰ-ਅਰਥਾਂ ਵਿਚ ਹੋਰ ਕੋਈ ਭਗਉਤੀ ਨਾਮ ਕਿਸ ਤਰ੍ਹਾਂ ਹੋ ਸਕਦੀ ਹੈ। ਤਾਂਤੇ "ਲਈ ਭਗਉਤੀ ਦੁਰਗਸ਼ਾਹ" ਐਵੇਂ ਕਹਾਵਤੀ ਹੋ ਜਾਂਦੀ ਹੈ। ਸ੍ਰੀ ਦਸਮੇਸ਼ ਪਾਤਸ਼ਾਹ ਦੇ ਅਰਥਾਂ ਵਿਚ ਬਖ਼ਸ਼ੀ ਹੋਈ ਭਗਉਤੀ ਨਾਮ ਰੂਪੀ ਭਗਉਤੀ ਹੀ ਹੈ। ਭਗਉਤੀ ਦੇ ਅਰਥਾਂ ਵਿਚ ਭਗਉਤੀ ਦੇਵੀ ਸ੍ਰੀ ਸਾਹਿਬ ਭਗਉਤੀ ਦੇ ਨਹੀਂ। ਭਸੌੜੀਆਂ ਦੀ ਫ਼ਜ਼ੂਲ ਜਿਹੀ ਕਾਢ ਹੈ।

ਭਗਉਤੀ ਨੇ "ਸ੍ਰੀ ਸਾਹਿਬ" ਭਗਉਤੀ ਕੀ ਫੜਨੀ ਸੀ। ਇਹ ਸਭ ਚਲਿਤ ਰਚਾਇਆ ਸ੍ਰੀ ਦਸਮੇਸ਼ ਜੀ ਨੇ, ਜਿਸ ਤਰ੍ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕਾ ਫੇਰ ਕੇ ਜ਼ਾਹਰ ਕਲਾ ਵਰਤਾਈ। ਅੱਜ ਕੱਲ੍ਹ ਦੇ ਨਵੀਨ ਕਾਢੂ ਇਹੋ ਕਹਿੰਦੇ ਹਨ, ਬੜੇ ਬੜੇ ਗਿਆਨੀ ਇਹੋ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਮੱਕਾ ਨਹੀ ਫੇਰਿਆ,

*ਚੰਡੀ ਦੀ ਵਾਰ, ਪਉੜੀ ੪੩

ਲੋਕਾਂ ਦੇ ਦਿਲ ਫੇਰ ਦਿੱਤੇ। ਇਸ ਗੱਲ ਨੂੰ ਨਵੀਂ ਰੋਸ਼ਨੀ ਵਾਲੇ ਛੇਤੀ ਕਬੂਲ ਕਰ ਲੈਂਦੇ ਹਨ। ਸ੍ਰੀ ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਦਿਲ ਆਦਿ ਨਹੀ ਫੇਰੇ, ਮੱਕਾ ਫੇਰ ਦਿਤਾ ਤੇ ਹੁਣ ਤਕ ਫਿਰਿਆ ਹੋਇਆ ਹੈ, ਤੇ ਜ਼ਾਹਰ ਕਲਾ ਦਿਸ ਰਹੀ ਹੈ।ਗੁਰੂ ਨਾਨਕ ਸਾਹਿਬ ਦਾ ਰਾਜ ਨਵਾਂ ਖੰਡਾਂ ਵਿਚ ਫੈਲ ਰਿਹਾ ਹੈ ਅਤੇ ਹੁਣ ਤਕ ਫੈਲ ਰਿਹਾ ਹੈ, ਕਿਸੇ ਦਾ ਹਟਾਇਆ ਨਹੀਂ ਹਟ ਸਕਦਾ। ਇਸੇ ਤਰ੍ਹਾਂ ਗੁਰੂ ਦਸਮੇਸ਼ ਜੀ ਦਾ ਦਰਸਾਇਆ ਖੰਡਾ ਨਵਾਂ ਖੰਡਾਂ ਵਿਚ ਝੁਲੇਗਾ ਅਤੇ ਕਿਸੇ ਦਾ ਮਿਟਾਇਆ ਨਹੀ ਮਿਟ ਸਕਦਾ। ਦ੍ਰਿਸ਼ਟ ਕੂੰਟ ਦਾ ਲੱਖਣ ਗੁਰੂ ਨਾਨਕ ਦਸਮੇਸ਼ ਜੀ ਹੀ ਲਾ ਸਕਦੇ ਹਨ ਕਿ ਕਦੋਂ ਇਹ ਖੰਡਾ ਵਰਤੇਗਾ। ਸਾਡੇ ਪਾਸ ਤਾਂ ਇਨ੍ਹਾਂ ਸ਼ਬਦਾਂ ਦੀ ਰੌਸ਼ਨੀ ਵਿਚ ਹੀ ਇਹ ਸਬੂਤ ਕਾਫ਼ੀ ਹੈ ਕਿ ਨੌ-ਖੰਡੀ ਝੰਡਾ ਸ੍ਰੀ ਦਸਮੇਸ਼ ਜੀ ਦਾ ਜ਼ਰੂਰ ਵਰਤੇਗਾ ਅਤੇ ਐਸਾ ਵਰਤੇਗਾ ਕਿ ਇਕ ਦਿਨ ਦੁਨੀਆ ਯਾਦ ਕਰੇਗੀ। ਵਰਤਦਾ ਕਦੋਂ ਹੈਂ ਅਤੇ ਕਿਸ ਘੜੀ ਹੈ, ਇਸ ਗੱਲ ਦਾ ਟੀਚਾ ਗੁਰੂ ਨਾਨਕ ਦਸਮੇਸ਼ ਸੱਚੇ ਪਾਤਸ਼ਾਹ ਹੀ ਲਾ ਸਕਦੇ ਹਨ। ਸਾਨੂੰ ਤਾਂ ਇਤਨਾ ਯਕੀਨ ਹੀ ਕਾਫ਼ੀ ਹੈ ਕਿ ਖੰਡਾ ਜ਼ਰੂਰ ਵਰਤੇਗਾ ਅਤੇ ਨਵਾਂ ਖੰਡਾਂ ਵਿਚ ਵਰਤੇਗਾ।